ਵਿਚਾਰ ਚਰਚਾ — ਗੁਰਸ਼ਰਨ ਸਿੰਘ

# 1999 ਦੀ ਵਿਸਾਖੀ, ਗੁਰੂ ਗੋਬਿੰਦ ਸਿੰਘ ਨੂੰ ਸਮਰਪਿਤ

ਖਾਲਸੇ ਦੀ ਸਾਜਨਾ ਦੇ ਤ੍ਰੈਸ਼ਤਾਬਦੀ ਉਤਸਵ ਦੀ ਵੱਖ-ਵੱਖ ਲੋਕਾਂ ਲਈ ਵੱਖ-ਵੱਖ ਮਹੱਤਤਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਇਤਿਹਾਸਕ ਦੇਣ ਦੇ ਕਈ ਪੱਖ ਹਨ। ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਉਨ੍ਹਾਂ ਨੇ ਆਪਣਾ ਪਿਤਾ ਸ਼ਹੀਦ ਕਰਵਾਇਆ, ਜ਼ੁਲਮ ਦੇ ਖਿਲਾਫ਼ ਸੰਘਰਸ਼ ਵਿਚ ਚਾਰ ਸਾਹਿਬਜ਼ਾਦੇ ਵਾਰੇ। ਸੰਤ ਸਿਪਾਹੀ ਦਾ ਹੀ ਸੰਕਲਪ ਸਮਾਜ ਨੂੰ ਦਿੰਦਿਆਂ ਮੁਗਲਾਂ ਦੇ ਖਿਲਾਫ ਬਗਾਵਤ ਦਾ ਝੰਡਾ ਉੱਚਾ ਕੀਤਾ। ਇੱਕੋ ਪਿਆਲੇ ਵਿਚੋਂ ਅੰਮ੍ਰਿਤ ਛਕਾ ਕੇ ਜਾਤ-ਪਾਤ ਦਾ ਫਰਕ ਖ਼ਤਮ ਕੀਤਾ। ਨੀਵੀਂ ਜਾਤ ਵਾਲੇ ਭਾਈ ਜੈਤਾ ਨੂੰ ਗਲੇ ਲਗਾ ਕੇ ਰੰਘਰੇਟਾ ਗੁਰੂ ਕਾ ਬੇਟਾ ਕਿਹਾ। ਖਾਲਸੇ ਨੂੰ ਇਕ ਅਨੁਸ਼ਾਸਨ ਦਿੱਤਾ। ਉਹਦੇ ਸਰੂਪ ਨੂੰ ਇਕ ਦਿਸ਼ਾ ਤੇ ਪਹਿਚਾਣ ਦਿੱਤੀ। ਉਹ ਇਕ ਮਾਨਵਵਾਦੀ ਲਹਿਰ ਦੇ ਰਹਿਨੁਮਾ ਸਨ। ਅੱਜ ਉਨ੍ਹਾਂ ਦੇ ਕਿਹੜੇ ਪੱਖ ਉੱਤੇ ਅਸੀਂ ਬਹੁਤ, ਜ਼ੋਰ ਦੇਣਾ ਹੈ ਅਤੇ ਇਕ ਨਿਆਂਸ਼ੀਲ ਸਮਾਜ ਬਣਾਉਣ ਲਈ ਉਨ੍ਹਾਂ ਕੋਲੋਂ ਪ੍ਰੇਰਣਾ ਲੈਣੀ ਹੈ, ਇਹ ਸਾਡੇ ਲਈ ਚੁਣੌਤੀ ਹੈ। ਇਸ ਉਤਸਵ ਤੇ ਧਾਰਮਕ ਅਸਥਾਨਾਂ ਤੇ ਰਵਾਇਤ ਅਨੁਸਾਰ ਦੀਵਾਨ ਲੱਗਣਗੇ, ਖਾਲਸੇ ਦੀ ਸ਼ਾਨ ਦੀਆਂ ਗੱਲਾਂ ਹੋਣਗੀਆਂ, ਅੰਮ੍ਰਿਤਪਾਨ ਦਾ ਪੂਰਾ ਪ੍ਰੋਗਰਾਮ ਹੋਵੇਗਾ, ਲੰਗਰ ਲੱਗਣਗੇ, ਨਗਰ ਕੀਰਤਨ ਹੋਣਗੇ, ਗੱਤਕੇ ਖੇਡੇ ਜਾਣਗੇ, ਆਤਿਸ਼ਬਾਜ਼ੀ ਹੋਵੇਗੀ। ਇਹ ਸਭ ਕੁੱਝ ਹੋਣਾ ਹੀ ਹੋਣਾ ਹੈ। ਇਹ ਮੌਕਾ ਇਕ ਇਤਿਹਾਸਕ ਮੌਕਾ ਹੈ, ਪਰ ਇਹ ਸਭ ਕੁੱਝ ਇਕ ਜਸ਼ਨ ਦੇ ਦਾਇਰੇ ਵਿਚ ਹੀ ਸੀਮਤ ਹੈ। ਜਸ਼ਨ ਤੋਂ ਬਾਅਦ ਇਹ ਸਭ ਕੁੱਝ ਭੁੱਲ ਭਲਾ ਜਾਏਗਾ। ਸਾਡੀ ਇਹਦੇ ਨਾਲ ਤਸੱਲੀ ਨਹੀਂ ਹੋ ਸਕਦੀ। ਇਹ ਸਭ ਕੁੱਝ ਤਾਂ ਅਸੀਂ ਹਰ ਸਾਲ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ 'ਤੇ ਵੀ ਕਰਦੇ ਹਾਂ।

ਪੰਜਾਬ ਵਿਚ ਜਿਹੜੀ ਇਸ ਵੇਲੇ ਸਰਕਾਰ ਚਲ ਰਹੀ ਹੈ, ਇਹ ਪੰਥਕ ਸਰਕਾਰ ਹੋਣ ਦਾ ਦਾਅਵਾ ਵੀ ਕਰਦੀ ਹੈ। ਇਹਨੇ ਵੋਟ ਵੀ ਪੰਥ ਦੇ ਨਾਂ 'ਤੇ ਹੀ ਲਈ ਹੈ। ਇਹਦੇ ਕੋਲ ਕੀ ਪ੍ਰੋਗਰਾਮ ਹੈ? ਜੋ ਪ੍ਰੋਗਰਾਮ ਉਲੀਕੇ ਗਏ ਹਨ, ਉਹ ਵੀ ਬਹੁਤ ਹੱਦ ਤੱਕ ਜਸ਼ਨਾਂ ਵਰਗੇ ਹੀ ਹਨ। ਸਰਕਾਰ ਨੇ ਪੈਸਾ ਖਰਚਣਾ ਹੈ, ਇਸ ਲਈ ਜਸ਼ਨ ਆਮ ਨਾਲੋਂ ਵੱਡੀ ਪੱਧਰ 'ਤੇ ਹੋਣਗੇ। ਪ੍ਰਧਾਨ ਮੰਤਰੀ ਆਉਣਗੇ, ਵਾਈਸ ਪ੍ਰੈਜ਼ੀਡੈਂਟ ਆਉਣਗੇ, ਹੋਰ ਵੀ ਨਾਮਵਰ ਹਸਤੀਆਂ ਸ਼ਮੂਲੀਅਤ ਕਰਨਗੀਆਂ, ਰੇਡੀਓ ਤੇ ਟੀ.ਵੀ. ਪੂਰੀ ਤਰ੍ਹਾਂ ਸਰਗਰਮ ਹੋਵੇਗਾ, ਕੁੱਝ ਪ੍ਰਾਜੈਕਟਾਂ ਦੇ ਨੀਂਹ ਪੱਥਰ ਰੱਖੇ ਜਾਣਗੇ, ਅਜਾਇਬ ਘਰ, ਨਿਸ਼ਾਨੇ ਖਾਲਸਾ, ਬਾਗ-ਬਗੀਚੇ, ਚਿੜੀਆ ਘਰ, ਆਨੰਦਪੁਰ ਸਾਹਿਬ ਨੂੰ ਚਿੱਟਾ ਕਰਨਾ। ਇਹ ਸਭ ਕੁੱਝ ਹੋਵੇਗਾ ਤੇ ਫੇਰ ਖ਼ਤਮ ਹੋ ਜਾਵੇਗਾ। 14 ਅਪ੍ਰੈਲ 1999 ਤੋਂ ਬਾਅਦ ਪੰਜਾਬ ਦਾ ਸਮਾਜ ਜਿੱਥੇ ਪਹਿਲੇ ਸੀ, ਉੱਥੇ ਹੀ ਰਹੇਗਾ। ਸਮਾਜ ਨੂੰ ਬਦਲਣ ਲਈ ਗੁਰੂ ਗੋਬਿੰਦ ਸਿੰਘ ਜੀ ਦਾ ਜੋ ਸੰਕਲਪ ਸੀ, ਉਹਦੇ ਵਿਚ ਸਮੇਂ ਦੀ ਸਰਕਾਰ ਦੀ ਨਾ ਕੋਈ ਦਿਲਚਸਪੀ ਹੈ ਤੇ ਨਾ ਹੀ ਇਰਾਦਾ ਹੈ।

ਸਾਧਾਰਨ ਲੋਕਾਂ ਨੇ ਜਿਨ੍ਹਾਂ ਵਿਚ ਅਸੀਂ ਲੋਕ-ਪੱਖੀ ਲੋਕ ਸ਼ਾਮਲ ਹਾਂ, ਅਸੀਂ ਦੇਖਣਾ ਹੈ ਕਿ ਇਸ ਇਤਿਹਾਸਕ ਮੌਕੇ ਨੂੰ ਯਾਦ ਕਰਦਿਆਂ ਦੱਬੇ-ਕੁਚਲੇ ਲੋਕਾਂ ਨੂੰ ਵਿਸ਼ਵਾਸ ਅਤੇ ਪ੍ਰੇਰਣਾ ਦੇਣੀ ਹੈ ਕਿ ਉਨ੍ਹਾਂ ਦਾ ਇਸ ਧਰਤੀ 'ਤੇ ਅਣਖ ਨਾਲ ਜੀਣਾ ਹੈ। ਵੱਡੇ ਲੋਕਾਂ ਦੀ ਧੌਂਸ ਖ਼ਤਮ ਕਰਨੀ ਹੈ। ਠੱਠੀਆਂ, ਵਿਹੜਿਆਂ ਵਿਚ ਜਿੱਥੇ ਉਹ ਰਹਿੰਦੇ ਹਨ, ਉਨ੍ਹਾਂ ਵਿਚ ਆਧੁਨਿਕ ਜੀਣ ਦੀਆਂ ਸਹੂਲਤਾਂ ਮੁਹੱਈਆ ਕਰਨੀਆਂ ਹਨ। ਸਰਕਾਰ ਦੇ ਬਜਟ ਵਿਚੋਂ ਹਿੱਸਾ ਮੰਗਣਾ ਹੈ ਕਿ ਉਨ੍ਹਾਂ ਦੇ ਬੱਚਿਆਂ ਨੂੰ ਪੜ੍ਹਨ ਤੇ ਅੱਗੇ ਵਧਣ ਦੀਆਂ ਸਾਰੀਆਂ ਉਹ ਸਹੂਲਤਾਂ ਮਿਲਣ ਜੋ ਵੱਡਿਆਂ ਦੇ ਬੱਚਿਆਂ ਨੂੰ ਮਿਲਦੀਆਂ ਹਨ। ਘਾਈਆਂ ਦੇ ਪੁੱਤ ਘਾਈ ਹੀ ਰਹਿਣ, ਇਹ ਗੁਰੂ ਗੋਬਿੰਦ ਸਿੰਘ ਦਾ ਸਮਾਜਕ ਸੰਕਲਪ ਨਹੀਂ।

ਭਾਈ ਰਣਜੀਤ ਸਿੰਘ, ਜ. ਟੌਹੜਾ ਹੋਰਾਂ ਨੇ ਹੁਣ ਆਪਣੇ ਤਰੀਕੇ ਨਾਲ ਇਹ ਉਤਸਵ ਮਨਾਉਣਾ ਹੈ। ਸਪਸ਼ਟ ਹੈ ਕਿ ਉਨ੍ਹਾਂ ਦਾ ਸਾਰਾ ਜ਼ੋਰ ਧਾਰਮਕ ਪ੍ਰਚਾਰ ਤੇ ਹੋਵੇਗਾ। ਸਿੱਖੀ ਨੂੰ ਢਾਹ ਲੱਗ ਰਹੀ ਹੈ। ਸਿੱਖੀ ਨੂੰ ਇਸ ਢਾਹ ਤੋਂ ਕਿਸ ਤਰ੍ਹਾਂ ਬਚਾਇਆ ਜਾਏ। ਸਿੱਖਾਂ ਨੂੰ ਬਾਦਲ ਵਰਗੇ ਅਕਾਲ ਤਖ਼ਤ ਤੋਂ ਬੇਮੁੱਖ ਹੋਏ ਸਿਆਸਤਦਾਨਾਂ ਜਾਂ ਗ਼ਦਾਰਾਂ ਕੋਲੋਂ ਕਿਸ ਤਰ੍ਹਾਂ ਬਚਾਇਆ ਜਾਵੇ ਆਦਿਕ। ਪਰ ਉਨ੍ਹਾਂ ਦੇ ਕਿਸੇ ਪ੍ਰੋਗਰਾਮ ਵਿਚ ਵੀ ਸਾਧਾਰਨ ਲੋਕਾਂ ਦੀ ਬੇਹਤਰੀ ਦਾ ਕੋਈ ਪ੍ਰੋਗਰਾਮ ਨਹੀਂ ਹੋਵੇਗਾ। ਉਂਝ ਇਹ ਚੰਗਾ ਹੈ ਕਿ ਉਨ੍ਹਾਂ ਨੇ ਆਪਣਾ ਪ੍ਰੋਗਰਾਮ ਵੱਖਰਾ ਕਰਨਾ ਹੈ। ਧਰਮ ਦੇ ਨਾਂ ਤੇ ਚਲਦੇ ਕਈ ਅਡੰਬਰ ਸਾਧਾਰਨ ਲੋਕਾਂ ਵਿਚ ਨਸ਼ਰ ਹੋਣਗੇ। ਮਸੰਦਾਂ ਦੀਆਂ ਠੱਗੀਆਂ ਲੋਕਾਂ ਸਾਹਮਣੇ ਨੰਗੀਆਂ ਹੋਣਗੀਆਂ। ਆਪਣੇ ਆਪ ਵਿਚ ਇਹ ਸ਼ੁਭ ਗੱਲ ਹੈ।

ਵਿਸਾਖੀ ਵਾਲੇ ਦਿਨ ਵੱਖ-ਵੱਖ ਸਮਾਗਮਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸੇ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਸੰਕਲਪ ਦੇ ਬਰਾਬਰੀ ਦੇ ਸਮਾਜ ਨੂੰ ਕਾਇਮ ਕਰਨ ਦੀ ਵਚਨਬੱਧੀ ਹੀ ਇਸ ਧਰਤੀ ਦੇ ਉਸ ਸਪੁਤ ਗੁਰੂ ਅਤੇ ਰਹਿਨੁਮਾ ਨੂੰ ਸ਼ਰਧਾਂਜਲੀ ਹੋਵੇਗੀ। ਇਹ ਸ਼ਰਧਾਂਜਲੀ ਸਮਾਜਕ ਨਿਆਂ ਨਾਲ ਪ੍ਰਣਾਏ ਲੋਕ ਹੀ ਦੇ ਸਕਦੇ ਹਨ।